Seattle Office of Labor Standards

## *ਕਰਮਚਾਰੀਆਂ ਲਈ ਕਮਿਊਨਿਟੀ ਵਕੀਲ ਅਤੇ ਅਪਰਾਧ ਪੀੜਤ ਦੇ ਅਧਿਕਾਰਾਂ ਦਾ ਨੋਟਿਸ*

ਹੋਟਲ ਦੇ ਕਰਮਚਾਰੀ ਨੂੰ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਤੋਂ ਬਚਾਉਣ ਲਈ ਆਰਡੀਨੈਂਸ, Seattle Municipal Code (SMC) 14.26 ਦੇ ਅਨੁਸਾਰ ਹੋਟਲਾਂ ਅਤੇ ਸਹਾਇਕ ਹੋਟਲ ਕਾਰੋਬਾਰਾਂ ਦੇ ਮਾਲਕਾਂ ਨੂੰ ਇਹ ਨੋਟਿਸ ਉਹਨਾਂ ਕਰਮਚਾਰੀਆਂ ਨੂੰ ਪ੍ਰਦਾਨ ਕਰਨਾ ਚਾਹੀਦਾ ਹੈ ਜੋ ਹੋਟਲ ਦੇ ਮਹਿਮਾਨਾਂ ਦੁਆਰਾ ਕਥਿਤ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਦਾ ਸ਼ਿਕਾਰ ਹੋਏ ਹਨ।

**ਜੇਕਰ ਤੁਸੀਂ** ਕਥਿਤ ਤੌਰ 'ਤੇ ਕਿਸੇ ਹੋਟਲ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਦਾ ਸ਼ਿਕਾਰ ਹੋਏ ਹੋ, ਤਾਂ ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ:

1) ***ਕਮਿਊਨਿਟੀ ਵਕੀਲ:*** ਕਮਿਊਨਿਟੀ ਵਕੀਲ ਤੁਹਾਨੂੰ ਦਿਨ ਦੇ ਕਿਸੇ ਵੀ ਸਮੇਂ ਅਤੇ ਹਫ਼ਤੇ ਦੇ ਸਾਰੇ ਦਿਨਾਂ ਵਿੱਚ ਮੁਫ਼ਤ ਗੁਪਤ ਵਕਾਲਤ ਸੇਵਾਵਾਂ ਪ੍ਰਦਾਨ ਕਰਦਾ ਹੈ। ਕਮਿਊਨਿਟੀ ਵਕੀਲ ਹੇਠ ਲਿਖੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰੇਗਾ: a) SMC 14.26 ਦੇ ਅਧੀਨ ਤੁਹਾਡੇ ਅਧਿਕਾਰਾਂ ਅਤੇ ਕਾਰਵਾਈ ਦੇ ਵਿਕਲਪਾਂ ਦੀ ਵਿਆਖਿਆ ਕਰਨਾ; b) ਤੁਹਾਡੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨ ਲਈ ਰੈਫਰਲ ਸੇਵਾਵਾਂ ਪ੍ਰਦਾਨ ਕਰਨਾ; ਅਤੇ c) ਜੇਕਰ ਤੁਸੀਂ ਕਿਸੇ ਹੋਟਲ ਦੇ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਦੀ ਰਿਪੋਰਟ ਕਰਨਾ ਚਾਹੁੰਦੇ ਹੋ ਤਾਂ ਤੁਹਾਡੀ ਮਦਦ ਕਰਨ ਲਈ। ਅਜਿਹਾ ਨਹੀਂ ਹੈ ਕਿ ਤੁਸੀਂ ਇਹਨਾਂ ਸੇਵਾਵਾਂ ਦੀ ਵਰਤੋਂ ਕਿਸੇ ਮਹਿਮਾਨ ਦੇ ਪਰੇਸ਼ਾਨ ਕਰਨ ਵਾਲੇ ਵਿਵਹਾਰ ਦੀ ਰਿਪੋਰਟ ਕਰਨ ਲਈ ਹੀ ਕਰ ਸਕਦੇ ਹੋ, ਬਲਕਿ ਤੁਸੀਂ ਆਪਣੇ ਵਿਕਲਪਾਂ ਦਾ ਮੁਲਾਂਕਣ ਕਰਨ ਲਈ ਵੀ ਇਹਨਾਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹੋ।

   City of Seattle ਨੇ ਤੁਹਾਨੂੰ ਇਹ ਸਰੋਤ ਪ੍ਰਦਾਨ ਕਰਨ ਲਈ King County Sexual Assault Resource Center (KCSARC) ਨਾਲ ਸਮਝੌਤਾ ਕੀਤਾ ਹੈ। ਇਹ ਪੀੜਤ ਦੀ ਵਕਾਲਤ ਲਈ ਇੱਕ ਕਮਿਊਨਿਟੀ-ਆਧਾਰਿਤ ਸੰਸਥਾ ਹੈ ਜੋ ਤੁਹਾਨੂੰ ਇਹ ਸਰੋਤ ਪ੍ਰਦਾਨ ਕਰਨ ਲਈ 24-ਘੰਟੇ ਦੀ ਹੌਟਲਾਈਨ ਉਪਲਬਧ ਕਰਵਾਉਂਦੀ ਹੈ। ਗੁਪਤ ਸੇਵਾਵਾਂ ਪ੍ਰਾਪਤ ਕਰਨ ਲਈ, ਤੁਸੀਂ KCSARC ਨੂੰ ਇੱਥੇ ਕਾਲ ਕਰ ਸਕਦੇ ਹੋ: 1-888-99-VOICE (1-888-998-6423)। KCSARC ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਇੱਥੇ ਜਾਓ: https://www.kcsarc.org/

2) ***RCW 7.69.030 ਦੇ ਤਹਿਤ ਅਪਰਾਧ ਪੀੜਤ ਦਾ ਵਕੀਲ ਅਤੇ ਹੋਰ ਅਧਿਕਾਰ।*** Revised Code of Washington (RCW, ਵਾਸ਼ਿੰਗਟਨ ਦੇ ਸੰਸ਼ੋਧਿਤ ਕੋਡ) 7.69.030 ਦੇ ਤਹਿਤ, ਅਪਰਾਧ ਦੇ ਪੀੜਤ ਨੂੰ ਕਈ ਅਧਿਕਾਰ ਪ੍ਰਦਾਨ ਕੀਤੇ ਜਾਂਦੇ ਹਨ ਜੋ ਅਪਰਾਧਿਕ ਅਦਾਲਤ ਜਾਂ ਬਾਲ ਅਦਾਲਤ ਦੀ ਕਾਰਵਾਈ 'ਤੇ ਲਾਗੂ ਹੁੰਦੇ ਹਨ। ਜੇਕਰ ਤੁਸੀਂ ਹਿੰਸਕ ਜਾਂ ਜਿਨਸੀ ਅਪਰਾਧਾਂ ਦੇ ਸ਼ਿਕਾਰ ਹੋਏ ਹੋ, ਤਾਂ ਤੁਹਾਡੇ ਕੋਲ ਦੋਸ਼ੀ ਜਾਂ ਬਚਾਅ ਪੱਖ ਦੀਆਂ ਇੰਟਰਵਿਊਆਂ ਦੌਰਾਨ ਅਪਰਾਧ ਪੀੜਤ ਨੂੰ ਵਕੀਲ ਆਪਣੇ ਨਾਲ ਰੱਖਣ ਦਾ ਅਧਿਕਾਰ ਹੈ। ਅਪਰਾਧ ਪੀੜਤ ਦੇ ਵਕੀਲ ਦੀ ਭੂਮਿਕਾ ਤੁਹਾਨੂੰ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਨਾ ਹੈ। RCW 7.69.030 ਦੇ ਤਹਿਤ, ਤੁਹਾਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਦਾ ਅਤੇ ਜੇਕਰ ਲੋੜ ਪਵੇ ਤਾਂ ਅਦਾਲਤ ਵਿੱਚ ਪੇਸ਼ ਹੋਣ ਕਾਰਨ ਤਨਖਾਹ ਦੇ ਨੁਕਸਾਨ ਨੂੰ ਘੱਟ ਕਰਨ ਲਈ ਤੁਹਾਡੇ ਰੁਜ਼ਗਾਰਦਾਤਾ ਨਾਲ ਸੰਪਰਕ ਕਰਨ ਲਈ ਕਿਸੇ ਵਿਅਕਤੀ ਦੀ ਮਦਦ ਲੈਣ ਦਾ ਅਧਿਕਾਰ ਵੀ ਹੈ। ਅਪਰਾਧਾਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਪ੍ਰਦਾਨ ਕੀਤੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਲਈ RCW 7.69.030 ਦੇਖੋ।

   ਕ੍ਰਾਈਮ ਵਿਕਟਿਮ ਐਡਵੋਕੇਸੀ (ਅਪਰਾਧ ਪੀੜਤ ਵਕਾਲਤ) ਸੇਵਾਵਾਂ ਬਾਰੇ ਜਾਣਕਾਰੀ ਲਈ, ਤੁਸੀਂ ਸੰਪਰਕ ਕਰ ਸਕਦੇ ਹੋ: 1-888-288-9221 'ਤੇ ਪੀੜਤ ਸਹਾਇਤਾ ਸੇਵਾਵਾਂ ਦੇ ਨਾਲ ਜਾਂ 1-888-998-6423 'ਤੇ KCSARC ਨਾਲ।

3) ***King County ਸਪੈਸ਼ਲ ਅਸਾਲਟ ਪ੍ਰੋਟੋਕੋਲ।*** ਇਹ ਪ੍ਰੋਟੋਕੋਲ King County ਵਿੱਚ ਵਾਪਰਨ ਵਾਲੇ ਅਪਰਾਧ ਦੇ ਮਾਮਲਿਆਂ ਵਿੱਚ ਸਹਿਕਾਰੀ ਜਾਂਚ ਅਤੇ ਸੇਵਾਵਾਂ ਲਈ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। ਇਹ ਪ੍ਰੋਟੋਕੋਲ, RCW 26.44.180 ਅਤੇ RCW 26.44.185 ਦੇ ਅਨੁਸਾਰ ਸਥਾਪਿਤ ਕੀਤਾ ਗਿਆ ਹੈ, ਇਸ ਦਾ ਉਦੇਸ਼ ਜਾਂਚ ਦੀ ਇਕਸਾਰਤਾ ਨੂੰ ਬਿਹਤਰ ਬਣਾਉਣਾ, ਪੀੜਤਾਂ, ਸ਼ੱਕੀ ਵਿਅਕਤੀਆਂ ਅਤੇ ਭਾਈਚਾਰਿਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ, ਨਾਲ ਹੀ ਇਹ ਯਕੀਨੀ ਬਣਾਉਣਾ ਹੈ ਕਿ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਢੁੱਕਵੀਆਂ ਸੇਵਾਵਾਂ ਉਪਲਬਧ ਹੋਣ।

*ਇਸ ਫਾਰਮ ਬਾਰੇ ਜਿਹੜੇ ਰੁਜ਼ਗਾਰਦਾਤਾਵਾਂ ਜਾਂ ਕਰਮਚਾਰੀਆਂ ਦੇ ਸਵਾਲ ਹਨ, ਉਹ Office of Labor Standards (OLS, ਆਫਿਸ ਆਫ ਲੇਬਰ ਸਟੈਂਡਰਡਜ਼) ਨਾਲ 206-256-5297 'ਤੇ ਸੰਪਰਕ ਕਰ ਸਕਦੇ ਹਨ ਜਾਂ OLS ਦੀ ਵੈੱਬਸਾਈਟ 'ਤੇ ਜਾ ਸਕਦੇ ਹਨ: http://www.seattle.gov/laborstandards*